# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

ਹੁਕਮ ਨੰ:18/13-2018 ਅਮਲਾ-3 (ਐਚ-2) /2018।1890 – 894

ਮਿਤੀ: 01-05-2018

ਸਕੂਲ ਸਿੱਖਿਆ ਵਿਭਾਗ ਵਲੋਂ ਮੁੱਖ ਅਧਿਆਪਕਾਂ ਦੇ ਕਾਡਰ ਦੀ ਆਰਜੀ ਸੀਨੀਆਰਤਾ ਸੂਚੀ ਤਿਆਰ ਕਰਕੇ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਸਬੰਧਤਾਂ ਦੀ ਜਾਣਕਾਰੀ ਲਈ ਮੀਮੋ ਨੰ: 18/13-2018 ਅਮਲਾ-3 (ਐਚ-2), ਮਿਤੀ 13-04-2018 ਰਾਹੀ ਅੱਪਲੋਡ ਕੀਤੀ ਗਈ ਸੀ। ਇਸ ਆਰਜੀ ਸੀਨੀਆਰਾਤਾ ਸੂਚੀ ਵਿਚ ਲੜੀ ਨੰ: 1 ਤੋਂ 2341 ਤੱਕ ਮੁੱਖ ਅਧਿਆਪਕਾਂ ਦੇ ਨਾਮ ਸਾਮਲ ਕੀਤੇ ਗਏ ਸਨ। ਸਬੰਧਤਾਂ ਨੂੰ ਇੱਥ ਨੋਟਿਸ ਰਾਹੀਂ ਇਹ ਸੂਚਿਤ ਕੀਤਾ ਗਿਆ ਸੀ ਕਿ ਜੇਕਰ ਇਸ ਸੀਨੀਆਰਤਾ ਸੂਚੀ ਵਿਚ ਕਿਸੇ ਮੁੱਖ ਅਧਿਆਪਕ ਦੇ ਵੇਰਵੇ ਦਰਜ ਹੋਣ ਤੋ ਰਹਿ ਗਏ ਹੋਣ ਜਾ ਕਿਸੇ ਮੁੱਖ ਅਧਿਆਪਕ ਦੇ ਵੇਰਵੇ ਅਧੂਰੇ ਹੋਣ, ਜਾਂ ਕਿਸੇ ਮੁੱਖ ਅਧਿਆਪਕ ਨੂੰ ਇਸ ਸਬੰਧੀ ਕੋਈ ਇਤਰਾਜ ਹੋਵੇ ਉਹ ਅਜਿਹੇ ਇਤਰਾਜ ਨੋਟਿਸ ਨਾਲ ਨੱਥੀ ਪ੍ਰਫਾਰਮੇ ਵਿਚ ਮੁਕੰਮਲ ਵੇਰਵੇ ਸਹਿਤ ਮਿਤੀ 23-04-2018 ਤੱਕ, ਇਤਰਾਜਾਂ ਦੇ ਪੱਖ ਵਿੱਚ ਦਸਤਾਵੇਜੀ ਸਬੂਤ ਦਿੰਦੇ ਹੋਏ, ਡਾਇਰੈਕਟੋਰੇਟ ਵਿਖੇ ਈਮੇਲ headmasterseniority@punjabeducation.gov.in ਤੇ ਭੇਜ ਸਕਦੇ ਹਨ। ਇਸ ਨੋਟਿਸ ਰਾਹੀਂ ਇਹ ਵੀ ਸੂਚਿਤ ਕੀਤਾ ਗਿਆ ਸੀ ਕਿ ਜੇਕਰ ਕੋਈ ਮੁੱਖ ਅਧਿਆਪਕ ਬਤੋਰ ਪ੍ਰਿੰਸੀਪਲ ਪਦ-ਉਨਤ ਚੁੱਕਾ ਹੋਵੇ ਅਤੇ ਉਸ ਦੇ ਮੁੱਖ ਅਧਿਆਪਕ ਦੇ ਵੇਰਵੇ ਆਰਜੀ ਸੀਨੀਆਰਤਾ ਸੂਚੀ ਵਿੱਚ ਵੀ ਦਰਜ ਹੋਣ ਤੋ ਰਹਿ ਗਏ ਹੋਣ, ਉਹਨਾਂ ਨੂੰ ਵੀ ਆਪਣੇ ਵਰੇਵੇ ਪੂਰੇ ਕਰਵਾਉਣੇ ਲਾਜਮੀ ਕਰਵਾਉਣ ਬਾਰੇ ਹਦਾਇਤ ਕੀਤੀ ਗਈ ਸੀ। ਵਿਭਾਗ ਵਲੋ ਇਸ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇਣ ਤੋ ਪਹਿਲਾਂ ਮਿਤੀ 28-04-2018 ਤੱਕ ਪ੍ਰਾਪਤ ਇਤਰਾਜਾ ਨੂੰ ਵਿਚਾਰਿਆ ਗਿਆ ਹੈ।

2. ਆਰਜੀ ਸੀਨੀਆਰਤਾ ਸੂਚੀ ਸਬੰਧੀ ਮੁੱਖ ਤੌਰ ਤੇ ਸਬੰਧਤਾਂ ਵਲੋਂ ਕਲੈਰੀਕਲ ਗਲਤੀਆ ਦੂਰ ਕਰਵਾਉਣ ਜਾਂ ਆਪਣੇ ਨਾਮ ਸੀਨੀਆਰਤਾ ਸੂਚੀ ਵਿਚ ਸਾਮਲ ਕਰਵਾਉਣ ਸਬੰਧੀ ਕੁੱਝ ਇਤਰਾਜ ਪ੍ਰਾਪਤ ਹੋਏ। ਅਜਿਹੇ ਪ੍ਰਾਪਤ ਇਤਰਾਜਾ ਨੂੰ ਘੋਖਣ ਅਤੇ ਵਿਚਾਰਨ ਉਪਰੰਤ ਜਿੱਥੇ ਕਿਧਰੇ ਸੀਨੀਆਰਤਾ ਸੂਚੀ ਵਿਚ ਲੋੜੀਂਦੀ ਸੋਧ ਦੀ ਲੋੜ ਸੀ, ਅਜਿਹੀ ਸੋਧ ਕਰ ਦਿੱਤੀ ਗਈ ਹੈ ਅਤੇ ਪੰਜਾਬ ਰਾਜ ਵਿਚ ਕੰਮ ਕਰਦੇ ਮੁੱਖ ਅਧਿਆਪਕਾਂ ਦੀ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ।

3. ਸੀਨੀਆਰਤਾ ਸੂਚੀ ਨੂੰ ਅੰਤਿਮ ਕਰਨ ਸਮੇਂ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸਰਤਾਂ ਸੇਵਾਵਾਂ) ਨਿਯਮਾਂਵਾਲੀ 1994 ਦੇ ਨਿਯਮ 8 ਵਿਚ ਦਰਜ ਉਪਬੰਧਾਂ, ਸਕੂਲ ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਮੁੱਖ ਅਧਿਆਪਕਾਂ ਤੇ ਲਾਗੂ ਵਿਭਾਗੀ ਨਿਯਮਾਂ ਵਿਚ ਦਰਜ ਉਪਬੰਧਾਂ ਨੂੰ ਅਤੇ ਰਾਖਵਾਂਕਰਨ ਦੇ ਨੁਕਤੇ ਤੇ ਪਦ-ਉਨਤ ਹੋਏ ਕਰਮਚਾਰੀਆਂ ਸਬੰਧੀ ਮਾਨਯੋਗ ਸੁਪਰੀਮ ਕੋਰਟ ਵਲੋਂ ਸ੍ਰੀ ਅਜੀਤ ਸਿੰਘ ਜੰਜੂਆ ਬਨਾਮ ਪੰਜਾਬ ਸਰਕਾਰ ਵਿਚ ਦਿੱਤੇ ਗਏ ਫੈਸਲੇ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ।

4. ਸੀਨੀਆਰਤਾ ਸੂਚੀ ਵਿਚ ਲੜੀ ਨੰ:1 ਤੋਂ ਲੈ ਕੇ 2358 ਤੱਕ ਸਬੰਧਤ ਕਰਮਚਾਰੀਆਂ/ ਮੁੱਖ ਅਧਿਆਪਕਾਂ ਦੇ ਨਾਮ ਸਾਮਲ ਕੀਤੇ ਗਏ ਹਨ, ਇਸ ਸੀਨੀਆਰਤਾ ਸੂਚੀ ਵਿਚ ਸਾਲ 2016 ਤੱਕ ਦੇ ਭਰਤੀ/ ਪਦਉਨਤ ਹੋਏ ਮੁੱਖ ਅਧਿਆਪਕਾਂ ਦੇ ਨਾਮ ਸ਼ਾਮਲ ਕੀਤੇ ਗਏ ਹਨ। ਜੋ ਇਹਨਾਂ ਹੁਕਮਾਂ ਦੇ ਅੰਤਿਕਾ-1 ਤੇ ਨੱਥੀ ਹੈ। ਮੁੱਖ ਅਧਿਆਪਕਾਂ ਦੀ ਸੀਨੀਆਰਤਾ ਸੂਚੀ ਵਿਭਾਗ ਦੀ ਵੈਬ ਸਾਈਟ www.ssapunjab.org ਤੇ ਸਬੰਧਤਾਂ ਦੀ ਸੂਚਨਾ ਲਈ ਅਪਲੋਡ ਕਰ ਦਿੱਤੀ ਗਈ ਹੈ। ਸੀਨੀਆਰਤਾ ਸੂਚੀ ਵਿੱਚ ਸੰਭਾਵਤ ਗਲਤੀਆਂ ਦੂਰ ਕਰਨ ਦਾ ਪੂਰਾ ਯਤਨ ਕੀਤਾ ਗਿਆ ਹੈ, ਪਰੰਤ ਫਿਰ ਵੀ ਜੇਕਰ ਇਸ ਸੀਨੀਆਰਤਾ ਸੂਚੀ ਵਿਚ ਕਿਸੇ ਕਰਮਚਾਰੀ ਦੇ ਨਾਮ, ਮੌਜੂਦਾ ਪੋਸਟਿੰਗ ਜਾਂ ਕਿਸੇ ਹੋਰ ਵੇਰਵੇ ਸਬੰਧੀ ਕੋਈ ਗਲਤੀ ਧਿਆਨ ਵਿਚ ਆਵੇ ਤਾਂ ਅਜਿਹੀ ਗਲਤੀ ਦੀ ਦਰੁਸਤੀ ਕਰਵਾਉਣ ਲਈ ਆਪਣੀ ਪ੍ਰਤੀ ਬੇਨਤੀ ਭੇਜ ਸਕਦਾ ਹੈ।

1/5/18

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ ਮਿਤੀ: 01/5/18

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ।
3. ਡਾਇਰੈਕਟਰ ਸਿੱਖਿਆ ਵਿਭਾਗ, ਯੂ ਟੀ, ਚੰਡੀਗੜ੍ਹ।
4. ਸਮੂਹ ਜਿਲਾ ਸਿੱਖਿਆ ਅਫਸਰ, ਪੰਜਾਬ ਰਾਜ।
5. ਸਮੂਹ ਪ੍ਰਿੰਸੀਪਲ, ਜਿਲਾ ਸਿੱਖਿਆ ਅਤੇ ਸਿਖਿਲਾਈ ਸੰਸਥਾਵਾਂ, ਪੰਜਾਬ ਰਾਜ।

1/5/18

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ